ਜਮਾਤ – ( ਛੇਵੀਂ - ਅੱਠਵੀਂ )

ਵਿਸ਼ਾ - ਪੰਜਾਬੀ

## ਮੈਚ ਦੇਖਣ ਦੀ ਆਗਿਆ ਲੈਣ ਲਈ ਬਿਨੈ - ਪੱਤਰ

ਸੇਵਾ ਵਿਖੇ

ਮੁੱਖ ਅਧਿਆਪਕ ਜੀ,

................ਸਕੂਲ,

............ਪਿੰਡ/ ਸ਼ਹਿਰ ।

ਵਿਸ਼ਾ:- ਮੈਚ ਦੇਖਣ ਦੀ ਆਗਿਆ ਲੈਣ ਸੰਬੰਧੀ ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਸਾਡੇ ਸਕੂਲ ਦੀ ਹਾਕੀ ਦੀ ਟੀਮ ਜ਼ਿਲ੍ਹਾ ਪੱਧਰ ‘ ਤੇ ਮੈਚ ਖੇਡਣ ਲਈ ਸਰਕਾਰੀ ਹਾਈ ਸਕੂਲ ਗੁਰਦਾਸਪੁਰ ਜਾ ਰਹੀ ਹੈ ।ਹਾਕੀ ਮੇਰੀ ਮਨਪਸੰਦ ਖੇਡ ਹੈ ।ਮੈਂ ਆਪ ਜੀ ਕੋਲੋਂ ਕੱਲ੍ਹ ਮਿਤੀ .................ਨੂੰ ਹੋਣ ਵਾਲ਼ੇ ਮੈਚ ਨੂੰ ਦੇਖਣ ਜਾਣ ਦੀ ਆਗਿਆ ਚਾਹੁੰਦਾ ਹਾਂ ।ਮੈਨੂੰ ਉਮੀਦ ਹੈ ਕਿ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ ।

ਧੰਨਵਾਦ ਸਹਿਤ ।

ਆਪ ਜੀ ਦਾ ਆਗਿਆਕਾਰੀ,

ਨਾਂ................

ਰੋਲ ਨੰ:..............

ਜਮਾਤ...............

ਮਿਤੀ.................

ਤਿਆਰ ਕਰਤਾ - ਜਸਪਾਲ ਸਿੰਘ ਪੰਜਾਬੀ ਮਾਸਟਰ ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ (ਜ਼ਿਲ੍ਹਾ ਗੁਰਦਾਸਪੁਰ)